# ਓਨਟਾਰੀਓ ਦੇ 65 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਨਿਵਾਸੀਆਂ ਲਈ ਕਵਰ ਕੀਤੀਆਂ ਵੈਕਸੀਨਾਂ



| ਵੈਕਸੀਨਾਂ | ਰਾਸ਼ਟਰੀ ਸਿਫ਼ਾਰਸ਼ਾਂ | ਕਵਰੇਜ ਡਿਟੇਲ[1] |
|---|---|---|
| **ਕੋਵਿਡ-19** | ਹਰ ਸਾਲ ਕੋਮੀਰਨਾਟੀ (Comirnaty) ਜਾਂ ਸਪਾਈਕਵੈਕਸ (Spikevax) ਵਿੱਚੋਂ ਕਿਸੇ ਇੱਕ ਕੋਵਿਡ-19 ਵੈਕਸੀਨ ਦੀ ਘੱਟੋ-ਘੱਟ 1 ਡੋਜ਼ | ਬਜ਼ੁਰਗ ਬਾਲਗਾਂ ਲਈ ਕੋਮੀਰਨਾਟੀ ਅਤੇ ਸਪਾਈਕਵੈਕਸ ਮੁਫ਼ਤ ਵਿੱਚ ਉਪਲਬਧ ਹਨ |
| **ਇੰਫਲੂਐਂਜ਼ਾ (ਫਲੂ)** | ਹਰ ਸਾਲ ਫਲੂਐਡ (Fluad) ਜਾਂ ਫਲੂਜ਼ੋਨ ਹਾਈ-ਡੋਜ਼ (Fluzone High-Dose) ਵਿੱਚੋਂ ਕਿਸੇ ਇੱਕ ਦੀ 1 ਡੋਜ਼ | ਬਜ਼ੁਰਗ ਬਾਲਗਾਂ ਲਈ ਫਲੂਜ਼ੋਨ ਹਾਈ-ਡੋਜ਼ ਅਤੇ ਫਲੂਐਡ ਮੁਫ਼ਤ ਵਿੱਚ ਉਪਲਬਧ ਹਨ |
| **ਨਿਊਮੋਕੋਕਲ (ਨਿਮੋਨੀਆ)** | ਪ੍ਰੇਵਨਾਰ 20 (Prevnar 20) ਜਾਂ ਕੈਪਵੈਕਸਿਵ (Capvaxive)[2] ਵਿੱਚੋਂ ਕਿਸੇ ਇੱਕ ਦੀ 1 ਡੋਜ਼ | ਉਹਨਾਂ ਬਜ਼ੁਰਗ ਬਾਲਗਾਂ ਲਈ ਪ੍ਰੇਵਨਾਰ 20 ਮੁਫ਼ਤ ਵਿੱਚ ਉਪਲਬਧ ਹੈ, ਜਿਨ੍ਹਾਂ ਨੇ ਪਹਿਲਾਂ ਕਵਰ ਕੀਤੀਆਂ ਸਾਰੀਆਂ ਨਿਊਮੋਕੋਕਲ ਵੈਕਸੀਨਾਂ ਦੀਆਂ ਡੋਜ਼ਸ ਨਹੀਂ ਲਈਆਂ ਨਿਊਮੋਕੋਕਲ ਵੈਕਸੀਨਾਂ |
| **RSV** | ਨਿੱਜੀ ਸਿਹਤ ਕਾਰਕਾਂ ਦੇ ਆਧਾਰ 'ਤੇ ਅਬ੍ਰਿਸਵੋ (Abrysvo), ਅਰੇਕਸਵੀ (Arexvy) ਜਾਂ ਐਮਰੇਜ਼ਵੀਆ (mRESVIA) ਵਿੱਚੋਂ ਕਿਸੇ ਇੱਕ ਦੀ 1 ਡੋਜ਼ ਵਰਤੀ ਜਾ ਸਕਦੀ ਹੈ | 60 ਤੋਂ 74 ਸਾਲ ਦੇ ਕੁਝ ਬਾਲਗਾਂ ਅਤੇ 75 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਸਾਰੇ ਬਾਲਗਾਂ ਲਈ ਅਬ੍ਰਿਸਵੋ ਅਤੇ ਅਰੇਕਸਵੀ ਮੁਫ਼ਤ ਵਿੱਚ ਉਪਲਬਧ ਹਨ |
| **ਸ਼ਿੰਗਲਜ਼** | ਸ਼ਿੰਗਰਿਕਸ (Shingrix) ਦੀਆਂ 2 ਡੋਜ਼ਸ | 65 ਤੋਂ 70 ਸਾਲ ਦੇ ਉਹਨਾ ਬਜ਼ੁਰਗ ਬਾਲਗਾਂ ਲਈ ਜਿਨ੍ਹਾਂ ਨੇ ਪਹਿਲਾਂ ਪਬਲੀਕਲੀ ਫੰਡਿਡ ਸ਼ਿੰਗਲਜ਼ ਵੈਕਸੀਨ ਨਹੀਂ ਲੈਈ ਜਾਂ ਜ਼ੋਸਟਾਵੈਕਸ (Zostavax) ਵੈਕਸੀਨ ਲਈ ਪੇਅ ਨਹੀਂ ਕੀਤਾ, ਉਨ੍ਹਾਂ ਲਈ ਸ਼ਿੰਗਰਿਕਸ ਮੁਫ਼ਤ ਵਿੱਚ ਉਪਲਬਧ ਹੈ; ਇਸ ਤੋਂ ਇਲਾਵਾ ਕੁਝ ਵੈਟਰਨਜ਼ 3 ਅਤੇ ਇੰਡੀਜੀਨਸ4 ਬਜ਼ੁਰਗ ਬਾਲਗਾਂ ਲਈ ਵੀ |
| **ਟੈਟਨਸ ਅਤੇ ਡਿਫਥੀਰੀਆ** | ਟੀਕਾਕਰਨ ਦੀ ਹਿਸਟਰੀ ਵੈਕਸੀਨ ਦੀ ਕਿਸਮ ਅਤੇ ਲੋੜੀਂਦੀ ਡੋਜ਼ ਦੀ ਗਿਣਤੀ ਤੈਅ ਕਰੇਗੀ | ਹਰ 10 ਸਾਲਾਂ ਵਿੱਚ, ਬਜ਼ੁਰਗ ਬਾਲਗਾਂ ਸਮੇਤ, ਵੈਕਸੀਨਾਂ ਮੁਫ਼ਤ ਵਿੱਚ ਉਪਲਬਧ ਹੁੰਦੀਆਂ ਹਨ |

1 *ਜੇ ਤੁਹਾਡੇ ਕੋਲ ਪ੍ਰਾਈਵੇਟ ਡਰੱਗ ਪਲਾਨ ਹੈ, ਤਾਂ ਇਹ ਪਲਾਨ ਉਹਨਾਂ ਵੈਕਸੀਨਾਂ ਦੀ ਕੌਸਟ ਕਵਰ ਕਰ ਸਕਦਾ ਹੈ ਜੋ ਪਬਲੀਕਲੀ ਕਵਰ ਨਹੀਂ ਹਨ।*

2 *ਜਿਨ੍ਹਾਂ ਬਜ਼ੁਰਗ ਬਾਲਗਾਂ ਨੇ ਹੈਮਾਟੋਪੋਇਟਿਕ ਸਟੈਮ ਸੈੱਲ ਟ੍ਰਾਂਸਪਲਾਂਟ ਪ੍ਰਾਪਤ ਕੀਤਾ ਹੈ, ਉਨ੍ਹਾਂ ਲਈ ਸਿਫ਼ਾਰਸ਼ਾਂ ਵੱਖ-ਵੱਖ ਹੋ ਸਕਦੀਆਂ ਹਨ।|*

3 *ਐਲੀਜੀਬਲ ਵੈਟਰਨਜ਼ ਲਈ, ਜੇ ਉਹ ਪ੍ਰੋਵਿਨਸ਼ੀਅਲ ਸਿਹਤ ਸੇਵਾਵਾਂ ਰਾਹੀਂ ਇਸ ਵੈਕਸੀਨ ਨੂੰ ਐਕਸੈਸ ਨਹੀਂ ਕਰ ਸਕਦੇ, ਤਾਂ ਉਹਨਾਂ ਨੂੰ Veterans Affairs Canada ਰਾਹੀਂ ਇਹ ਕਵਰੇਜ ਮਿਲ ਸਕਦੀ ਹੈ।*

4 *ਐਲੀਜੀਬਲ ਫਸਟ ਨੇਸ਼ਨਜ਼ (Eligible First Nations) ਅਤੇ ਇਨੂਇਟ (Inuit) ਲਈ, ਜੇ ਉਹ ਪ੍ਰੋਵਿਨਸ਼ੀਅਲ ਸਿਹਤ ਸੇਵਾਵਾਂ ਰਾਹੀਂ ਇਸ ਵੈਕਸੀਨ ਨੂੰ ਐਕਸੈਸ ਨਹੀਂ ਕਰ ਸਕਦੇ, ਤਾਂ ਇੰਡਿਜਿਨਸ ਸਰਵਿਸਿਜ਼ ਕੈਨੇਡਾ ਦਾ ਨਾਨ-ਇਨਸ਼ੋਰਡ ਹੈਲਥ ਬੈਨਿਫਿਟਸ (Indigenous Services Canada's Non-Insured Health Benefits, NIHB) ਪ੍ਰੋਗਰਾਮ ਰਾਹੀਂ ਕਵਰੇਜ ਮਿਲ ਸਕਦੀ ਹੈ।*

### ਕੀ ਹੋਰ ਸਵਾਲ ਹਨ?

ਆਪਣੇ ਪ੍ਰਾਇਮਰੀ ਹੈਲਥ ਕੇਅਰ ਪ੍ਰਦਾਤਾ, ਫਾਰਮਾਸਿਸਟ ਜਾਂ ਸਥਾਨਕ ਪਬਲਿਕ ਹੈਲਥ ਯੂਨਿਟ ਨਾਲ ਗੱਲ ਕਰੋ।
ਸਿਹਤ ਜਾਣਕਾਰੀ ਲਈ ਹੈਲਥ ਲਿੰਕ ਨੂੰ 811 'ਤੇ ਕਾਲ ਕਰੋ।

### ਕੀ ਤੁਸੀਂ ਵੈਕਸੀਨਾਂ ਬਾਰੇ ਹੋਰ ਜਾਣਕਾਰੀ ਚਾਹੁੰਦੇ ਹੋ?

ਇਸ QR ਕੋਡ ਨੂੰ ਸਕੈਨ ਕਰਕੇ ਸਾਡਾ ਨੈਸ਼ਨਲ ਵੈਕਸੀਨ ਪੈਂਫਲਿਟ ਵੇਖੋ।

ਸਕੈਨ ਕਰੋ

**ਅੱਪਡੇਟ ਕਰਨ ਦੀ ਮਿਤੀ: ਨਵੰਬਰ 2025**
ਇਸ ਦਸਤਾਵੇਜ਼ ਦੀ ਤਿਆਰੀ ਅਤੇ ਪ੍ਰਕਾਸ਼ਨ Merck Canada Inc., Moderna ਅਤੇ Pfizer Canada ਦੀ ਵਿੱਤੀ ਸਹਾਇਤਾ ਨਾਲ ਸੰਭਵ ਹੋਇਆ ਹੈ।